**Punjabi (Gurmukhi)**

## ਆਊਟਰਨੈੱਟ ਵਿਖੇ ਲੰਡਨ ਦਾ ਤਾਣਾ-ਬਾਣਾ

ਤੁਸੀਂ ਆਊਟਰਨੈੱਟ ਵਿਖੇ ਜੋ ਕੁਝ ਵੀ ਦੇਖਦੇ ਅਤੇ ਸੁਣਦੇ ਹੋ, ਉਹ ਤੁਹਾਡੇ ਸਾਥੀ ਲੰਡਨ ਵਾਸੀਆਂ ਦੇ ਆਪਣੇ ਅਨੁਭਵ ਹੀ ਹਨ।

ਅਸੀਂ ਹਰ ਬੱਸ, ਟਿਊਬ, ਟਰਾਮ, ਓਵਰਗ੍ਰਾਉਂਡ ਅਤੇ DLR ਟ੍ਰੇਨ ਵਿੱਚ ਦੇਖੇ ਜਾਂਦੇ ਮਸ਼ਹੂਰ ਸੀਟ ਪੈਟਰਨ ਦੇ ਇੱਕ ਖ਼ਾਸ ਐਨੀਮੇਟਡ ਸੰਸਕਰਣ ਦੀ ਵਰਤੋਂ ਕਰ ਰਹੇ ਹਾਂ, ਤਾਂ ਜੋ ਉਨ੍ਹਾਂ ਅਨੁਭਵਾਂ ਨੂੰ ਜੀਵੰਤ ਬਣਾਇਆ ਜਾ ਸਕੇ।

TfL ਦੀ ਮਦਦ ਨਾਲ ਅਨੁਭਵ ਦੇ ਇਨ੍ਹਾਂ ਪਲਾਂ ਨੂੰ ਨਾਟਕੀ ਰੂਪ ਦੇਕੇ, ਅਸੀਂ ਖੁਦ ਨੂੰ ਦੁਨੀਆ ਦੇ ਸਭ ਤੋਂ ਵਧੀਆ ਸ਼ਹਿਰ ਦੇ ਤਾਣੇ-ਬਾਣੇ ਦਾ ਇੱਕ ਅਟੁੱਟ ਹਿੱਸਾ ਮਹਿਸੂਸ ਕਰ ਸਕਦੇ ਹਾਂ।

ਉਨ੍ਹਾਂ ਦੀਆਂ ਕਹਾਣੀਆਂ ਜਾਣੋ, TfL ਲੰਡਨ ਦਾ ਤਾਣਾ-ਬਾਣਾ ਖੋਜੋ #LondonForEveryone

'ਮੇਰੇ ਸਕੂਲ ਦੇ ਗੋਰੇ ਦੋਸਤ ਨਸਲਵਾਦ ਨੂੰ ਬਰਦਾਸ਼ਤ ਨਹੀਂ ਕਰਦੇ ਸਨ।

ਉਹ ਹਮੇਸ਼ਾ ਸਕੂਲ ਤੋਂ ਬਾਅਦ ਮੇਰੀ ਮਾਂ ਦੇ ਹੱਥ ਦੇ ਬਣੇ ਜਮੈਕਨ ਆਕਸਟੇਲ ਸੂਪ ਲਈ ਬੱਸ ਲੈ ਕੇ ਮੇਰੇ ਘਰ ਆਉਣ ਲਈ ਉਤਸਾਹਤ ਰਹਿੰਦੇ ਸਨ।'

ਆਇਰੀਨ

'ਕੈਮਡੇਨ ਟਿਊਬ ਦੇ ਆਲੇ-ਦੁਆਲੇ ਦੇ ਇਨ੍ਹਾਂ ਲੋਕਾਂ ਨੇ ਵੱਖ-ਵੱਖ ਤਰੀਕੇ ਨਾਲ ਆਪਣੇ ਵਾਲ ਕਟਵਾਏ ਹੋਏ ਸਨ – ਜਿਵੇਂ ਕਿ ਇਹ ਇਹਨਾਂ ਦੀ ਆਪਣੀ ਸਾਹਸੀ ਵਿਲੱਖਣ ਪਛਾਣ ਹੋਵੇ।

ਇਸ ਲਈ ਮੈਂ ਵੀ ਆਪਣੇ ਵਾਲ ਕੱਟਕੇ ਛੋਟੇ ਕਰ ਲਏ ਅਤੇ ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਖੁਦ ਨੂੰ ਆਕਰਸ਼ਕ ਮਹਿਸੂਸ ਕੀਤਾ।'

ਕੈਲੀ

'ਮੈਂ DLR ਰਾਹੀਂ ਗ੍ਰੀਨਵਿਚ ਗਿਆ ਅਤੇ ਮੈਂ ਮੈਰਾਥਨ ਵਿਚ ਦੌੜ ਰਹੇ 53,000 ਦੌੜਾਕਾਂ ਨਾਲ ਸ਼ਾਮਲ ਹੋ ਗਿਆ, ਜਿਨ੍ਹਾਂ ਦਾ ਪਿਛੋਕੜ ਅਤੇ ਯੋਗਤਾਵਾਂ ਵੱਖੋ-ਵੱਖ ਸਨ।

ਹਰ ਕਿਸੇ ਦੀ ਆਪਣੀ ਇੱਕ ਵੱਖਰੀ ਕਹਾਣੀ ਸੀ।'

ਜੈਮੀ

'ਮੈਂ ਆਪਣੇ ਤੈਰਾਕੀ ਕਲੱਬ ਵਿੱਚ ਸ਼ਾਮਲ ਹੋਣ ਲਈ ਹੈਕਨੀ ਦੇ ਵੈਸਟ ਰਿਜ਼ਰਵਾਇਰ ਤੱਕ ਸਾਈਕਲ ਚਲਾਕੇ ਜਾਂਦੀ ਹਾਂ।

ਸਾਡਾ ਭਾਈਚਾਰਾ ਇੱਕ ਸੁਰੱਖਿਅਤ ਜਗ੍ਹਾ ਹੈ, ਜਿੱਥੇ ਵੱਖ-ਵੱਖ ਪਿਛੋਕੜਾਂ ਵਾਲੀਆਂ ਮਾਵਾਂ ਅੰਦਰ-ਬਾਹਰ (ਪਾਣੀ ਵਿੱਚ ਅਤੇ ਬਾਹਰ) ਇੱਕ-ਦੂਜੇ ਨੂੰ ਸੁਰੱਖਿਅਤ ਮਹਿਸੂਸ ਕਰਨ ਵਿੱਚ ਮਦਦ ਕਰਦੀਆਂ ਹਨ।

ਬ੍ਰਿਜੇਟ

'ਸਾਡੇ ਸੱਭਿਆਚਾਰ ਵੱਖ-ਵੱਖ ਹਨ ਪਰ ਕਿਸਮਤ ਨੇ ਸਾਨੂੰ ਇਕੱਠੇ ਕੀਤਾ ਹੈ ਅਤੇ ਪਿਕਾਡਿਲੀ ਲਾਈਨ ਅਤੇ ਤਾਈਵਾਨੀ ਚਾਹ ਦੇ ਆਨੰਦ ਨੇ ਵੀ ਸਾਡੀ ਇਸ ਵਿੱਚ ਕਾਫ਼ੀ ਮਦਦ ਕੀਤੀ ਹੈ।'

ਐਲਮ

'ਲੰਡਨ ਆਕੇ ਇੰਝ ਲੱਗਦਾ ਹੈ ਕਿ ਮੇਰੇ ਲਈ ਇੱਕ ਵੱਖਰੀ ਦੁਨੀਆ ਦਾ ਰਸਤਾ ਖੁੱਲ੍ਹ ਗਿਆ ਹੈ।

ਜਿਵੇਂ ਕਿ ਇੱਕ ਹਿੰਦੂ ਵਿਆਹ ਵਿੱਚ ਸ਼ਾਮਲ ਹੋਣ ਲਈ ਬੱਸ

ਦਾ ਸਫ਼ਰ ਕਰਨਾ ਅਤੇ ਸ਼ਾਨਦਾਰ, ਨਵੇਂ ਅਤੇ ਵੱਖਰੀਆਂ ਪਿਛੋਕੜਾਂ ਅਤੇ ਧਰਮਾਂ ਦੇ ਦੋਸਤ ਬਣਾਉਣਾ।'

ਕੈਲੀ

'ਸਾਊਥ ਕੇਨ ਸਟੇਸ਼ਨ ਦਾ ਨੇੜਲਾ ਇਹ ਕਲੱਬ ਵੱਖੋ-ਵੱਖ ਝੁਕਾਅ ਰੱਖਣ ਵਾਲੇ ਲੋਕਾਂ ਦਾ ਦਿਲੋਂ ਸੁਆਗਤ ਕਰਦਾ ਹੈ। ਲੰਡਨ ਅਜਿਹੇ ਲੋਕਾਂ ਲਈ ਇੱਕ ਬਹੁਤ ਵੱਡੀ ਜਗ੍ਹਾ ਹੈ, ਜੋ ਬੇਝਿਜ਼ਕ ਹੋਕੇ ਆਪਣਾ ਆਪ ਖੁੱਲ੍ਹਕੇ ਦਰਸਾ ਸਕਦੇ ਹਨ।'

ਸ਼ੌਨਾ

ਅਸੀਂ ਸਾਰੇ ਹੀ ਲੰਡਨ ਦੇ ਇਸ ਤਾਣੇ-ਬਾਣੇ ਦਾ ਇੱਕ ਅਟੁੱਟ ਹਿੱਸਾ ਹਾਂ।